# ਤਕਨੀਕੀ ਸਿੱਖਿਆ ਅਤੇ ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ

## (ਉਦਯੋਗਿਕ ਸਿਖਲਾਈ ਵਿੰਗ)

## ਕਮਰਾ ਨੰ.404, ਚੌਥੀ ਮੰਜਿਲ, ਪਲਾਟ-1, ਸੈਕਟਰ 36-ਏ ਚੰਡੀਗੜ੍ਹ

**ਸੈਸਨ 2023-24 ਲਈ ਨਵੀ ITI ਖੋਲਣ ਅਤੇ ਮੌਜੂਦਾ ITIs ਵਿੱਚ ਨਵੇਂ NCVT ਕੋਰਸ ਸ਼ੁਰੂ ਕਰਨ ਹਿੱਤ NOC ਜਾਰੀ ਕਰਨ ਲਈ ਅਰਜੀਆਂ ਦੀ ਮੰਗ**

ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ ਵੱਲੋਂ NCVT ਅਧੀਨ ਕਰਾਫਟਸਮੈਨ ਟ੍ਰੇਨਿਗ ਸਕੀਮ ਦੇ ਪ੍ਰਵਾਨਿਤ ਟਰੇਡਾਂ ਨੂੰ ਚਲਾਉਣ ਹਿੱਤ ਡੀ.ਜੀ.ਟੀ. ਭਾਰਤ ਸਰਕਾਰ ਦੀਆਂ ਹਦਾਇਤ ਅਨੁਸਾਰ Accreditation and Affiliation (A&A) ਦੀਆਂ ਗਤੀਵਿਧੀਆਂ ਸਬੰਧੀ ਰਾਜ ਡਾਇਰੈਕਟੋਰੇਟ ਵਲੋਂ NOC ਜਾਰੀ ਕਰਨ ਹਿੱਤ ਅਰਜੀਆਂ ਦੀ ਮੰਗ ਸੰਸਥਾਵਾਂ/ਟਰੱਸਟ/ਸੋਸਾਇਟੀ/ਕੰਪਨੀ/ਇਕੱਲੇ ਮਲਕੀਅਤ/ਵਿਅਕਤੀਗਤ ਤੋਂ ਸੈਸ਼ਨ 2023-24 ਲਈ ਕੀਤੀ ਜਾਂਦੀ ਹੈ। ਇਸ ਸਬੰਧੀ ਅਰਜ਼ੀਆਂ ਮਿਤੀ 18-11-2022 ਤੱਕ ਨਿਰਧਾਰਿਤ Appliction Format ਤੇ ਸਮੇਤ 5000/-ਰੁਪਏ ਪ੍ਰੋਸੈਸਿੰਗ ਫੀਸ (ਜਿਹੜੀ ਕਿ ਨਾ- ਮੋੜਨਯੋਗ ਹੈ) ਡਿਮਾਂਡ ਡਰਾਫਟ ਦੇ ਰੂਪ ਵਿਚ ਜੋ ਕਿ "Director Technical Education & Industrial Training, Punjab" ਦੇ ਨਾਂਅ 'ਤੇ ਚੰਡੀਗੜ੍ਹ ਵਿਖੇ ਅਦਾਇਗੀ ਯੋਗ ਹੋਵੇ, ਵਿਭਾਗ ਨੂੰ ਉਪਰੋਕਤ ਦਿੱਤੇ ਪਤੇ 'ਤੇ ਦਸਤੀ ਦਿੱਤੀਆਂ ਜਾ ਸਕਦੀਆਂ ਹਨ। ਨਿਸਚਿਤ ਮਿਤੀ ਤੋਂ ਬਾਅਦ ਪ੍ਰਾਪਤ ਹੋਈਆਂ ਅਰਜ਼ੀਆਂ ਤੇ ਵਿਚਾਰ ਨਹੀ ਕੀਤਾ ਜਾਵੇਗਾ। ਉਹ ਬਿਨੈਕਾਰ ਜਿਨ੍ਹਾਂ ਨੇ NOC ਜਾਰੀ ਕਰਨ ਹਿੱਤ ਅਰਜੀਆ ਪਹਿਲਾਂ ਦਿੱਤੀਆਂ ਹੋਈਆਂ ਹਨ, ਉਹ ਬਿਨੈਕਾਰ ਵੀ ਇਸ ਵਿਗਿਆਪਨ ਤੇ ਤਹਿਤ ਨਵੇਂ ਸਿਰੇ ਤੋਂ ਅਰਜੀਆਂ ਦੇਣ। ਇਸ ਤੋਂ ਇਲਾਵਾ ਐਫੀਲੀਏਸ਼ਨ ਹਿੱਤ ਡੀ.ਜੀ.ਟੀ. ਭਾਰਤ ਸਰਕਾਰ ਵਲੋਂ ਜਾਰੀ ਐਫੀਲੀਏਸ਼ਨ ਨਾਰਮਜ਼ ਡੀ.ਜੀ.ਟੀ. ਭਾਰਤ ਸਰਕਾਰ ਦੀ ਵੈਬਸਾਈਟ https://nimionlineadmission.in/iti/ ਤੇ ਦੇਖੇ ਜਾ ਸਕਦੇ ਹਨ। ਇਸ ਤੋਂ ਇਲਾਵਾ NCVT ਕੋਰਸ਼ਜ ਦੀ ਡਿਟੇਲ/ਸਿਲੇਬਸ ਅਤੇ ਡੀ.ਜੀ.ਟੀ. ਭਾਰਤ ਸਰਕਾਰ ਵਲੋਂ ਸਮੇਂ-ਸਮੇ ਤੇ ਜਾਰੀ ਹਦਾਇਤਾਂ ਸਬੰਧੀ ਡੀ.ਜੀ.ਟੀ. ਭਾਰਤ ਸਰਕਾਰ ਦੀ ਵੈਬਸਾਈਟ https://dgt.gov.in/ ਅਤੇ https://www.ncvtmis.gov.in/ ਤੇ ਦੇਖੇ ਜਾ ਸਕਦੇ ਹਨ।

ਜੋ ਬਿਨੈਕਾਰ (ਨਵੇਂ ਜਾਂ ਪਹਿਲਾਂ ਤੋਂ ਕੇਂਦਰ ਚਲਾ ਰਹੇ) ਚਾਹਵਾਨ ਹੋਣ, ਉਨ੍ਹਾਂ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ:-

1. ਬਿਨੈਕਾਰਾਂ ਦੀ ਅਰਜੀ ਨਿਰਧਾਰਤ Application Format ਤੇ ਪ੍ਰਾਪਤ ਹੋਣ ਉਪਰੰਤ NOC ਜਾਰੀ ਕਰਨ ਹਿੱਤ ਨਿਰਧਾਰਤ ਗਾਇਡਲਾਇਨਜ਼ ਅਨੁਸਾਰ ਯੋਗ ਅਰਜੀਆਂ ਦਾ ਨਿਰੀਖਣ ਕਰਵਾਉਣ ਸਬੰਧੀ ਕਾਰਵਾਈ ਆਰੰਭੀ ਜਾਵੇਗੀ ਜਿਸ ਬਾਰੇ ਵਿਭਾਗ ਉਨ੍ਹਾਂ ਨੂੰ ਈ-ਮੇਲ ਪੱਤਰ ਰਾਹੀਂ ਸੂਚਿਤ ਕਰੇਗਾ। ਯੋਗ ਅਰਜੀਆਂ ਨੂੰ NOC ਜਾਰੀ ਕਰਨ ਉਪਰੰਤ ਇਸਦੀ ਸੂਚਨਾ ਡੀ.ਜੀ.ਟੀ. ਭਾਰਤ ਸਰਕਾਰ ਨਾਲ ਵੀ ਸਾਂਝੀ ਕੀਤੀ ਜਾਵੇਗੀ।
2. ਬਿਨੈਕਾਰ ਵੱਲੋਂ ਜੋ ਟਰੇਡਾਂ/ਯੂਨਿਟਾਂ ਦੀ ਮੰਗ Application Format ਵਿਚ ਕੀਤੀ ਜਾਵੇਗੀ, ਉਨ੍ਹਾਂ ਵਿਚ ਨਿਰੀਖਣ ਸਮੇਂ ਕੋਈ ਬਦਲਾਅ ਨਹੀਂ ਕੀਤਾ ਜਾਵੇਗਾ।
3. ਬਿਨੈਕਾਰ Application Format ਸਬਮਿਟ ਕਰਨ ਵੇਲੇ ਆਪਣਾ E-mail ID ਸਾਫ-ਸਾਫ ਸਬਦਾਂ ਵਿਚ ਹਰ ਹਾਲਤ ਵਿਚ ਲਿਖਣ/ਦੇਣ। ਸਾਰੇ ਬਿਨੈਕਾਰ ਆਪਣੀ ਅਰਜੀ ਈਮੇਲ ਰਾਹੀਂ ਹਰ ਹਾਲਤ ਵਿਚ ਭੇਜਣ। ਬਿਨੈਕਾਰਾਂ ਨੂੰ ਨਿਰੀਖਣ ਦੇ ਲਈ ਸਿਰਫ ਈਮੇਲ ਰਾਹੀਂ ਸੂਚਿਤ ਕੀਤਾ ਜਾਵੇਗਾ, E-mail ID ਨਾ ਦੇਣ ਦੀ ਸੂਰਤ ਵਿਚ ਅਜਿਹੇ ਕੇਂਦਰ ਇਨ੍ਹਾਂ ਮਹੱਤਵਪੂਰਨ ਸੂਚਨਾਵਾਂ ਤੋਂ ਵਾਂਝੇ ਰਹਿ ਜਾਣਗੇ, ਜਿਸ ਸਬੰਧੀ ਵਿਭਾਗ ਦੀ ਕੋਈ, ਜਿੰਮੇਵਾਰੀ ਨਹੀ ਹੋਵੇਗੀ।

4. ਡੀ.ਜੀ.ਟੀ. ਭਾਰਤ ਸਰਕਾਰ ਦੇ ਦਿਸ਼ਾਂ-ਨਿਰਦੇਸ਼ਾਂ ਅਨੁਸਾਰ ਬਿਨੈਕਾਰ ਆਪਣੇ ਕੇਂਦਰਾਂ ਦੇ ਨਾਂਅ ਹੇਠ ਲਿਖੇ ਅਨੁਸਾਰ ਹੀ ਰੱਖ ਸਕਦੇ ਹਨ:-

"XXXX (Name of Institute)- Government/ Private Industrial Training Institute- XXXX (Name of District)" ਬਿਨੈਕਾਰਾਂ ਨੂੰ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਪਰੋਕਤ ਤੋਂ ਇਲਾਵਾਂ ਹੋਰ ਕੋਈ ਨਾਂਅ ਨਾ ਰੱਖਿਆ ਜਾਵੇ।

5. ਇੱਥੇ ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਇਹ NOC ਕੇਵਲ Accreditation and Affiliation (A&A) ਦੀਆਂ ਗਤੀਵਿਧੀਆਂ ਸਬੰਧੀ ਰਾਜ ਡਾਇਰੈਕਟੋਰੇਟ ਵਲੋਂ ਡੀ.ਜੀ.ਟੀ. ਭਾਰਤ ਸਰਕਾਰ ਦੇ ਆਨਲਾਈਨ ਨਿੰਮੀ ਪੋਰਟਲ ਤੇ ਅਪਲਾਈ ਕਰਨ ਹਿੱਤ ਜਾਰੀ ਕੀਤਾ ਜਾਵੇਗਾ। ਇਹ NOC ਸੰਸਥਾ ਨੂੰ ਐਫੀਲੀਏਸ਼ਨ ਮਿਲਣ ਦੀ ਕੋਈ ਗਰੰਟੀ ਨਹੀਂ ਹੈ। ਆਨਲਾਈਨ ਨਿੰਮੀ ਪੋਰਟਲ ਤੇ ਅਪਲਾਈ ਹੋਣ ਉਪਰੰਤ ਅਰਜੀ ਤੇ ਐਫੀਲੀਏਸ਼ਨ ਨਾਰਮਜ਼ ਅਤੇ ਡੀ.ਜੀ.ਟੀ. ਭਾਰਤ ਸਰਕਾਰ ਵਲੋਂ ਸਮੇਂ-ਸਮੇਂ ਤੇ ਜਾਰੀ ਹਦਾਇਤਾਂ ਅਨੁਸਾਰ ਕਾਰਵਾਈ ਕੀਤੀ ਜਾਵੇਗੀ।

6. ਸੈਸਨ 2023-24 ਲਈ ਜਾਰੀ ਕੀਤਾ NOC ਭਵਿੱਖ ਵਿੱਚ ਡੀ.ਜੀ.ਟੀ ਭਾਰਤ ਸਰਕਾਰ ਵਲੋਂ Accreditation and Affiliation (A&A) ਲਈ ਓਪਨ ਕੀਤੇ ਗਏ ਨਿੰਮੀ ਪੋਰਟਲ ਤੇ ਅਪਲਾਈ ਕਰਨ ਲਈ ਹੀ Valid ਹੋਵੇਗਾ। ਜੇਕਰ ਡੀ.ਜੀ.ਟੀ. ਭਾਰਤ ਸਰਕਾਰ ਅਗਲੇ ਸੈਸਨ ਭਾਵ 2023-24 ਵਿੱਚ ਨਿੰਮੀ ਪੋਰਟਲ ਓਪਨ ਨਹੀਂ ਕਰਦੀ ਹੈ ਤਾਂ ਜਾਰੀ ਕੀਤਾ ਗਿਆ NOC ਅਗਲੇ ਸੈਸਨ ਤੱਕ Valid ਹੋਵੇਗਾ।

ਵਿਗਿਆਪਨ ਤਹਿਤ ਪ੍ਰਾਪਤ ਹੋਣ ਵਾਲੀਆਂ ਅਰਜ਼ੀਆ ਤੇ ਡੀ.ਜੀ.ਟੀ. ਭਾਰਤ ਸਰਕਾਰ/ਵਿਭਾਗ ਵਲੋਂ ਜਾਰੀ ਹਦਾਇਤਾ/ਗਾਇਡਲਾਇਨਜ਼ ਮੁਤਾਬਕ ਸਮੇਂ ਸਮੇਂ 'ਤੇ ਸੋਧ ਅਨੁਸਾਰ ਕਾਰਵਾਈ ਕੀਤੀ ਜਾਵੇਗੀ। ਇਸ ਤੋਂ ਇਲਾਵਾਂ ਡੀ.ਜੀ.ਟੀ. ਭਾਰਤ ਸਰਕਾਰ ਵੱਲੋਂ ਸਮੇਂ-ਸਮੇਂ 'ਤੇ ਜਾਰੀ ਹਦਾਇਤਾਂ ਵੀ ਇਸ ਇਸ਼ਤਿਹਾਰ ਰਾਹੀਂ ਪ੍ਰਾਪਤ ਹੋਣ ਵਾਲੀਆਂ ਅਰਜੀਆਂ 'ਤੇ ਲਾਗੂ ਹੋਣਗੀਆਂ। ਇਹ ਵੀ ਸਪੱਸਟ ਕੀਤਾ ਜਾਂਦਾ ਹੈ ਕਿ ਜਿਨ੍ਹਾਂ ਅਰਜ਼ੀਆਂ ਨਾਲ ਪ੍ਰੋਸੈਸਿੰਗ ਫੀਸ ਦਾ ਡਿਮਾਂਡ ਡਰਾਫਟ ਨੱਥੀ ਨਹੀ ਹੋਵੇਗਾ ਜਾਂ ਉਨ੍ਹਾਂ ਵਿਚ ਅਧੂਰੀ ਸੂਚਨਾ ਮੁੱਹਈਆ ਕਰਵਾਈ ਗਈ ਹੋਵੇਗੀ, ਉਨ੍ਹਾਂ ਅਰਜੀਆਂ 'ਤੇ ਕੋਈ ਵਿਚਾਰ ਨਹੀ ਕੀਤਾ ਜਾਵੇਗਾ।

ਮਿਤੀ: 17-10-2022

ਡੀ.ਪੀ.ਐਸ. ਖਰਬੰਦਾ, ਆਈ ਏ ਐਸ
ਡਾਇਰੈਕਟਰ ਤਕਨੀਕੀ ਸਿਖਿਆ ਅਤੇ
ਉਦਯੋਗਿਕ ਸਿਖਲਾਈ ਵਿਭਾਗ, ਪੰਜਾਬ।